ਸਿਹਤ ਮੰਤਰਾਲਾ | ਸਿੱਖਿਆ ਮੰਤਰਾਲਾ

Ontario

# ਸਕੂਲ ਅਤੇ ਬਾਲ ਦੇਖਭਾਲ ਕੇਂਦਰ ਵਿਚਲੇ ਵਿਦਿਆਰਥੀਆਂ ਅਤੇ ਬੱਚਿਆਂ ਲਈ COVID-19 ਸਕ੍ਰੀਨਿੰਗ ਟੂਲ

ਸੰਸਕਰਣ 3: 18 ਅਕਤੂਬਰ, 2021

**ਵਿਦਿਆਰਥੀਆਂ ਜਾਂ ਬੱਚਿਆਂ ਨੂੰ ਸਕੂਲ ਜਾਂ ਬਾਲ ਦੇਖਭਾਲ ਵਿੱਚ ਜਾਣ ਤੋਂ ਪਹਿਲਾਂ ਰੋਜ਼ਾਨਾ COVID-19 ਲਈ ਲਾਜ਼ਮੀ ਤੌਰ 'ਤੇ ਜਾਂਚ ਕਰਨੀ ਚਾਹੀਦੀ ਹੈ। ਮਾਪੇ/ਸਰਪ੍ਰਸਤ ਬੱਚੇ ਦੀ ਤਰਫੋਂ ਇਸ ਨੂੰ ਭਰ ਸਕਦੇ ਹਨ।**

ਤਾਰੀਖ (ਮਹੀਨਾ-ਦਿਨ-ਸਾਲ) ________________

## ਸਕ੍ਰੀਨਿੰਗ ਸੰਬੰਧੀ ਸਵਾਲ

1. **ਕੀ ਵਿਦਿਆਰਥੀ/ਬੱਚਾ ਇਸ ਸਮੇਂ ਇਹਨਾਂ ਵਿੱਚੋਂ ਕਿਸੇ ਲੱਛਣ ਦਾ ਅਨੁਭਵ ਕਰ ਰਿਹਾ ਹੈ?**
ਇੱਥੇ ਦਿੱਤੇ ਗਏ ਲੱਛਣ ਉਹ ਲੱਛਣ ਹਨ ਜੋ ਆਮ ਤੌਰ 'ਤੇ COVID-19 ਨਾਲ ਸੰਬੰਧਿਤ ਹੁੰਦੇ ਹਨ। ਜੇ ਤੁਹਾਨੂੰ ਇਹ ਲੱਛਣ ਹਨ, ਤਾਂ ਤੁਹਾਨੂੰ ਅਲੱਗ ਕਰ ਲੈਣਾ ਚਾਹੀਦਾ ਹੈ ਅਤੇ ਜਾਂਚ ਕਰਵਾਉਣੀ ਚਾਹੀਦੀ ਹੈ। ਕਿਰਪਾ ਕਰਕੇ ਧਿਆਨ ਦਿਓ ਕਿ COVID-19 ਦੇ ਲੱਛਣਾਂ ਵਾਲੇ ਜਾਂ ਜਾਣੂ COVID-19 ਕੇਸਾਂ ਦੇ ਸੰਪਰਕਾਂ ਲਈ ਰੈਪਿਡ ਐਂਟੀਜਨ ਟੈਸਟਿੰਗ ਦੀ ਵਰਤੋਂ ਨਹੀਂ ਕੀਤੀ ਜਾਣੀ ਚਾਹੀਦੀ।

ਕੋਈ ਵੀ ਵਿਅਕਤੀ ਜੋ ਬਿਮਾਰ ਹੈ ਜਾਂ ਉਸ ਅੰਦਰ ਬਿਮਾਰੀ ਦੇ ਕੋਈ ਲੱਛਣ ਹਨ, ਸਮੇਤ ਉਹਨਾਂ ਦੇ ਜੋ ਹੇਠਾਂ ਸੂਚੀਬੱਧ ਨਹੀਂ ਹਨ, ਉਹਨਾਂ ਨੂੰ ਘਰ ਰਹਿਣਾ ਚਾਹੀਦਾ ਹੈ ਅਤੇ ਲੋੜ ਪੈਣ ਤੇ ਆਪਣੇ ਸਿਹਤ ਸੰਭਾਲ ਪ੍ਰਦਾਤਾ ਤੋਂ ਮੁਲਾਂਕਣ ਲੈਣਾ ਚਾਹੀਦਾ ਹੈ।

ਅਜਿਹੇ ਕੋਈ ਵੀ/ਸਾਰੇ ਚੁਣੋ ਜੋ ਨਵੇਂ ਹਨ, ਬਦਤਰ ਹੋ ਰਹੇ ਹਨ, ਅਤੇ ਅਜਿਹੇ ਹੋਰ ਜਾਣੂੰ ਕਾਰਨਾਂ ਜਾਂ ਸਥਿਤੀਆਂ ਨਾਲ ਸੰਬੰਧਤ ਨਹੀਂ ਹਨ ਜੋ ਉਹਨਾਂ ਨੂੰ ਪਹਿਲਾਂ ਹੀ ਹਨ।

| | | |
|---|---|---|
| **ਬੁਖਾਰ ਅਤੇ/ਜਾਂ ਕਾਂਬਾ**<br>37.8 ਡਿਗਰੀ ਸੈਲਸੀਅਸ/100 ਡਿਗਰੀ ਫਾਰਨਹੀਟ ਜਾਂ ਵੱਧ ਤਾਪਮਾਨ ਅਤੇ/ਜਾਂ ਕਾਂਬਾ | ☐ ਹਾਂ | ☐ ਨਹੀਂ |
| **ਖੰਘ ਅਤੇ ਕਾਲੀ ਖੰਘ (ਕਰੂਪ)**<br>ਨਿਰੰਤਰ, ਆਮ ਨਾਲੋਂ ਜ਼ਿਆਦਾ, ਸਾਹ ਲੈਣ ਸਮੇਂ ਸੀਟੀ ਦੀ ਆਵਾਜ਼ ਆਉਣਾ (ਦਮਾ, ਸੰਕ੍ਰਮਣ ਤੋਂ ਬਾਅਦ ਦੇ ਪ੍ਰਤੀਕਿਰਿਆਤਮਕ ਹਵਾ-ਸੁਰਾਖ, ਜਾਂ ਅਜਿਹੇ ਹੋਰ ਜਾਣੂ ਕਾਰਨ ਜਾਂ ਸਥਿਤੀਆਂ, ਜੋ ਉਹਨਾਂ ਨੂੰ ਪਹਿਲਾਂ ਤੋਂ ਹਨ, ਨਾਲ ਸੰਬੰਧਤ ਨਹੀਂ ਹੈ) | ☐ ਹਾਂ | ☐ ਨਹੀਂ |
| **ਸਾਹ ਔਖਾ ਆਉਣਾ**<br>ਸਾਹ ਨਾ ਆਉਣਾ, ਡੂੰਘੇ ਸਾਹ ਲੈਣ ਵਿੱਚ ਅਸਮਰੱਥ ਹੋਣਾ (ਦਮਾ ਜਾਂ ਅਜਿਹੇ ਹੋਰ ਜਾਣੂ ਕਾਰਨਾਂ ਜਾਂ ਸਥਿਤੀਆਂ, ਜੋ ਉਹਨਾਂ ਨੂੰ ਪਹਿਲਾਂ ਤੋਂ ਹਨ, ਨਾਲ ਸੰਬੰਧਤ ਨਹੀਂ ਹੈ) | ☐ ਹਾਂ | ☐ ਨਹੀਂ |
| **ਸੁਆਦ ਜਾਂ ਗੰਧ ਦਾ ਚਲੇ ਜਾਣਾ ਜਾਂ ਘਟ ਜਾਣਾ**<br>ਮੌਸਮੀ ਐਲਰਜੀ, ਤੰਤੂਆਂ ਸੰਬੰਧੀ ਵਿਕਾਰਾਂ, ਜਾਂ ਹੋਰ ਗਿਆਤ ਕਾਰਨਾਂ ਜਾਂ ਸਥਿਤੀਆਂ ਨਾਲ ਸੰਬੰਧਤ ਨਹੀਂ ਜੋ ਉਨ੍ਹਾਂ ਨੂੰ ਪਹਿਲਾਂ ਹੀ ਹਨ | ☐ ਹਾਂ | ☐ ਨਹੀਂ |
| **ਜੀਅ ਮਤਲਾਉਣਾ, ਉਲਟੀ ਆਉਣਾ ਅਤੇ/ਜਾਂ ਦਸਤ**<br>ਇਰਿਟੇਬਲ ਬਾਉਲ ਸਿੰਡਰੋਮ, ਚਿੰਤਾ, ਮਾਹਵਾਰੀ ਸੰਬੰਧੀ ਕੜਵੱਲਾਂ, ਜਾਂ ਅਜਿਹੇ ਹੋਰ ਜਾਣੂ ਕਾਰਨ ਜਾਂ ਸਥਿਤੀਆਂ, ਜੋ ਉਹਨਾਂ ਨੂੰ ਪਹਿਲਾਂ ਤੋਂ ਹਨ, ਨਾਲ ਸੰਬੰਧਤ ਨਹੀਂ ਹੈ | ☐ ਹਾਂ | ☐ ਨਹੀਂ |

2. **ਕੀ ਇਹਨਾਂ ਵਿੱਚੋਂ ਕੋਈ ਵੀ ਵਿਦਿਆਰਥੀ/ਬੱਚੇ 'ਤੇ ਲਾਗੂ ਹੁੰਦਾ ਹੈ?**
   - ਉਨ੍ਹਾਂ ਦਾ COVID-19 ਦੇ ਖਿਲਾਫ ਪੂਰੀ ਤਰ੍ਹਾਂ ਟੀਕਾਕਰਨ ਕੀਤਾ ਗਿਆ ਹੈ (ਦੋ-ਖੁਰਾਕ ਜਾਂ ਇੱਕ-ਖੁਰਾਕ ਵਾਲੀ ਟੀਕੇ ਦੀ ਲੜੀ ਦੀ ਅੰਤਮ ਖੁਰਾਕ ਨੂੰ 14 ਦਿਨ ਜਾਂ ਇਸ ਤੋਂ ਵੱਧ ਸਮਾਂ ਹੋ ਗਿਆ ਹੈ)
   - ਉਹਨਾਂ ਦਾ ਪਿਛਲੇ 90 ਦਿਨਾਂ ਵਿੱਚ COVID-19 ਲਈ ਟੈਸਟ ਪਾਜ਼ਿਟਿਵ ਆਇਆ ਹੈ (ਅਤੇ ਇਸ ਦੇ ਹਟਣ ਤੱਕ)

ਜੇ ਹਾਂ, ਤਾਂ ਪ੍ਰਸ਼ਨ 3, 4, 5 ਛੱਡ ਦਿਓ

ਜਦੋਂ ਤੁਸੀਂ ਇਸ ਸਕ੍ਰੀਨਿੰਗ ਟੂਲ ਨੂੰ ਪੂਰਾ ਕਰਦੇ ਹੋ ਤਾਂ ਨਿੱਜੀ ਸਿਹਤ ਜਾਣਕਾਰੀ ਇਕੱਠੀ ਨਹੀਂ ਕੀਤੀ ਜਾਂਦੀ। ਇਸ ਸਵਾਲ ਦਾ ਉਦੇਸ਼ ਸਹੀ ਇਕਾਂਤਵਾਸ ਦੀਆਂ ਹਿਦਾਇਤਾਂ ਪ੍ਰਦਾਨ ਕਰਨਾ ਹੈ, ਜੋ ਟੀਕੇ ਦੀ ਸਥਿਤੀ ਅਤੇ ਪਿਛਲੇ ਲਾਗ ਦੇ ਇਤਿਹਾਸ 'ਤੇ ਅਧਾਰਤ ਹਨ।

3. **ਕੀ ਕੋਈ ਵਿਅਕਤੀ, ਜਿਸ ਦੇ ਨਾਲ ਵਿਦਿਆਰਥੀ/ਬੱਚਾ ਰਹਿੰਦਾ ਹੈ, ਇਸ ਸਮੇਂ ਕੋਈ ਨਵੇਂ COVID-19 ਲੱਛਣਾਂ ਦਾ ਅਨੁਭਵ ਕਰ ਰਿਹਾ ਹੈ ਅਤੇ/ਜਾਂ ਲੱਛਣਾਂ ਦਾ ਅਨੁਭਵ ਕਰਨ ਤੋਂ ਬਾਅਦ ਜਾਂਚ ਦੇ ਨਤੀਜਿਆਂ ਦੀ ਉਡੀਕ ਕਰ ਰਿਹਾ ਹੈ?** ☐ ਹਾਂ ☐ ਨਹੀਂ

   **ਬੱਚੇ (<18 ਸਾਲ ਉਮਰ):** ਬੁਖਾਰ ਅਤੇ/ਜਾਂ ਕਾਂਬਾ, ਖੰਘ ਜਾਂ ਕਾਲੀ ਖੰਘ, ਸਾਹ ਚੜ੍ਹਣਾ, ਸੁਆਦ ਜਾਂ ਬਾਸ਼ਣਾ ਵਿੱਚ ਕਮੀ ਜਾਂ ਨੁਕਸਾਨ, ਘਬਰਾਹਟ, ਉਲਟੀਆਂ ਅਤੇ/ਜਾਂ ਦਸਤ

   **ਬਾਲਗ: (≥18 ਸਾਲ ਉਮਰ):** ਬੁਖ਼ਾਰ ਅਤੇ/ਜਾਂ ਕਾਂਬਾ, ਖੰਘ ਜਾਂ ਕਾਲੀ ਖੰਘ, ਸਾਹ ਚੜ੍ਹਣਾ, ਸੁਆਦ ਜਾਂ ਗੰਧ ਵਿੱਚ ਕਮੀ ਜਾਂ ਨੁਕਸਾਨ, ਥਕਾਵਟ, ਮਾਸਪੇਸ਼ੀਆਂ ਵਿੱਚ ਦਰਦ

   ਜੇ ਲੱਛਣਾਂ ਦਾ ਅਨੁਭਵ ਕਰਨ ਵਾਲੇ ਵਿਅਕਤੀ ਨੇ ਪਿਛਲੇ 48 ਘੰਟਿਆਂ ਵਿੱਚ COVID-19 ਦਾ ਇੱਕ ਟੀਕਾ ਲਗਵਾਇਆ ਹੈ ਅਤੇ ਸਿਰਫ ਹਲਕੀ ਥਕਾਵਟ, ਮਾਸਪੇਸ਼ੀਆਂ ਦੇ ਦਰਦ ਅਤੇ/ਜਾਂ ਜੋੜਾਂ ਦੇ ਦਰਦ ਦਾ ਅਨੁਭਵ ਕਰ ਰਿਹਾ ਹੈ ਜੋ ਟੀਕਾਕਰਣ ਤੋਂ ਬਾਅਦ ਹੀ ਸ਼ੁਰੂ ਹੋਇਆ ਸੀ, ਤਾਂ "ਨਹੀਂ" ਦੀ ਚੁਣੋ।

4. **ਪਿਛਲੇ 10 ਦਿਨਾਂ ਵਿੱਚ, ਕੀ ਵਿਦਿਆਰਥੀ/ਬੱਚੇ ਦੀ ਕਿਸੇ ਅਜਿਹੇ ਵਿਅਕਤੀ ਦੇ "ਨੇੜਲੇ ਸੰਪਰਕ" ਵਜੋਂ ਪਛਾਣ ਕੀਤੀ ਗਈ ਹੈ ਜਿਸ ਨੂੰ ਇਸ ਸਮੇਂ COVID-19 ਹੈ?** ☐ ਹਾਂ ☐ ਨਹੀਂ

   ਜੇ ਪਬਲਿਕ ਹੈਲਥ ਨੇ ਤੁਹਾਨੂੰ ਸਲਾਹ ਦਿੱਤੀ ਹੈ ਕਿ ਤੁਹਾਨੂੰ ਸਵੈ-ਅਲਗਾਵ ਕਰਨ ਦੀ ਜ਼ਰੂਰਤ ਨਹੀਂ ਹੈ, ਤਾਂ "ਨਹੀਂ" ਦੀ ਚੋਣ ਕਰੋ।

5. **ਪਿਛਲੇ 10 ਦਿਨਾਂ ਵਿੱਚ, ਕੀ ਵਿਦਿਆਰਥੀ/ਬੱਚੇ ਨੂੰ ਆਪਣੇ ਸੈੱਲ ਫੋਨ 'ਤੇ COVID ਚੇਤਾਵਨੀ ਸੰਪਰਕ ਦੀ ਸੂਚਨਾ ਪ੍ਰਾਪਤ ਹੋਈ ਹੈ?** ☐ ਹਾਂ ☐ ਨਹੀਂ

   ਜੇ ਵਿਦਿਆਰਥੀ/ਬੱਚੇ ਦਾ ਲੈਬ ਅਧਾਰਤ ਪੀਸੀਆਰ ਟੈਸਟ 'ਤੇ ਨੈਗੇਟਿਵ ਨਤੀਜਾ ਆਇਆ ਹੈ, ਤਾਂ "ਨਹੀਂ" ਦੀ ਚੋਣ ਕਰੋ।

6. **ਕੀ ਹੇਠ ਲਿਖਿਆਂ ਵਿੱਚੋਂ ਕੋਈ ਲਾਗੂ ਹੁੰਦਾ ਹੈ?** ☐ ਹਾਂ ☐ ਨਹੀਂ
   - **ਪਿਛਲੇ 14 ਦਿਨਾਂ ਵਿੱਚ, ਵਿਦਿਆਰਥੀ/ਬੱਚੇ ਨੇ ਕੈਨੇਡਾ ਤੋਂ ਬਾਹਰ ਸਫਰ ਕੀਤਾ ਅਤੇ ਉਸਨੂੰ ਅਲੱਗ ਰਹਿਣ ਲਈ ਕਿਹਾ ਗਿਆ**
   - **ਪਿਛਲੇ 14 ਦਿਨਾਂ ਵਿੱਚ, ਵਿਦਿਆਰਥੀ/ਬੱਚੇ ਨੇ ਕੈਨੇਡਾ ਤੋਂ ਬਾਹਰ ਸਫਰ ਕੀਤਾ ਅਤੇ ਉਸਨੂੰ ਕਿਹਾ ਗਿਆ ਕਿ ਉਹ ਸਕੂਲ/ਚਾਈਲਡ ਕੇਅਰ ਵਿੱਚ ਨਾ ਜਾਵੇ**

   ਕਿਰਪਾ ਕਰਕੇ ਧਿਆਨ ਦਿਓ ਕਿ ਜੇ ਬੱਚੇ/ਵਿਦਿਆਰਥੀ **ਦਾ ਪੂਰੀ ਤਰ੍ਹਾਂ ਟੀਕਾਕਰਣ ਨਹੀਂ ਹੋਇਆ ਹੈ** ਪਰ ਉਹਨਾਂ ਨੂੰ ਸੰਘੀ ਕੁਆਰੰਟੀਨ ਤੋਂ ਛੋਟ ਪ੍ਰਾਪਤ ਹੈ ਕਿਉਂਕਿ**ਉਨ੍ਹਾਂ ਨੇ ਇੱਕ ਅਜਿਹੇ ਸਾਥੀ ਦੇ ਨਾਲ ਯਾਤਰਾ ਕੀਤੀ ਸੀ ਜਿਸ ਦਾ ਟੀਕਾਕਰਣ ਹੋ ਚੁੱਕਾ ਹੈ**, ਤਾਂ ਉਨ੍ਹਾਂ ਨੂੰ 14 ਦਿਨਾਂ ਲਈ ਸਕੂਲ ਜਾਂ ਚਾਈਲਡ ਕੇਅਰ ਵਿੱਚ ਨਹੀਂ ਜਾਣਾ ਚਾਹੀਦਾ। ਜੇ ਇਹ ਵਿਦਿਆਰਥੀ/ਬੱਚੇ 'ਤੇ ਲਾਗੂ ਹੁੰਦਾ ਹੈ ਤਾਂ "ਹਾਂ" ਦੀ ਚੋਣ ਕਰੋ।

7. **ਕੀ ਕਿਸੇ ਡਾਕਟਰ, ਸਿਹਤ ਸੰਭਾਲ ਪ੍ਰਦਾਤਾ, ਜਾਂ ਪਬਲਿਕ ਹੈਲਥ ਯੂਨਿਟ ਨੇ ਤੁਹਾਨੂੰ ਕਿਹਾ ਹੈ ਕਿ ਵਿਦਿਆਰਥੀ/ਬੱਚੇ ਨੂੰ ਇਸ ਸਮੇਂ ਵੱਖਰਾ (ਘਰ ਵਿੱਚ ਰਹਿਣਾ) ਰੱਖਣਾ ਚਾਹੀਦਾ ਹੈ?** ☐ ਹਾਂ ☐ ਨਹੀਂ

   ਅਜਿਹਾ ਕਿਸੇ ਫੈਲਾਅ ਜਾਂ ਸੰਪਰਕ ਟ੍ਰੇਸਿੰਗ ਦੇ ਕਾਰਨ ਹੋ ਸਕਦਾ ਹੈ।

8. **ਪਿਛਲੇ 10 ਦਿਨਾਂ ਵਿੱਚ, ਕੀ ਵਿਦਿਆਰਥੀ/ਬੱਚੇ ਦਾ ਰੈਪਿਡ ਐਂਟੀਜੇਨ ਜਾਂ ਘਰ ਅਧਾਰਤ ਸਵੈ-ਜਾਂਚ ਕਿੱਟ ਨਾਲ ਟੈਸਟ ਪਾਜ਼ਿਟਿਵ ਆਇਆ ਹੈ?** ☐ ਹਾਂ ☐ ਨਹੀਂ

   ਜੇ ਵਿਦਿਆਰਥੀ/ਬੱਚੇ ਦਾ ਲੈਬ ਅਧਾਰਤ ਪੀਸੀਆਰ ਟੈਸਟ 'ਤੇ ਨੈਗੇਟਿਵ ਨਤੀਜਾ ਆਇਆ ਹੈ, ਤਾਂ "ਨਹੀਂ" ਦੀ ਚੋਣ ਕਰੋ।

## ਸਕ੍ਰੀਨਿੰਗ ਸਵਾਲਾਂ ਦੇ ਨਤੀਜੇ

! **ਜੇ ਤੁਸੀਂ ਪ੍ਰਸ਼ਨ 1 ਦੇ ਅਧੀਨ ਸ਼ਾਮਲ ਕਿਸੇ ਵੀ ਲੱਛਣ ਲਈ "ਹਾਂ" ਵਜੋਂ ਉੱਤਰ ਦਿੱਤਾ ਹੈ, ਤਾਂ ਸਕੂਲ ਜਾਂ ਬਾਲ ਦੇਖਭਾਲ ਵਿੱਚ ਨਾ ਜਾਓ।**

- ਵਿਦਿਆਰਥੀ/ਬੱਚੇ ਨੂੰ ਵੱਖ (ਘਰ ਰਹਿਣਾ) ਰਹਿਣਾ ਚਾਹੀਦਾ ਹੈ ਅਤੇ ਟੈਸਟ ਕਰਵਾਉਣ ਜਾਂ ਡਾਕਟਰੀ ਐਮਰਜੈਂਸੀ ਤੋਂ ਇਲਾਵਾ ਘਰ ਤੋਂ ਬਾਹਰ ਨਹੀਂ ਜਾਣਾ ਚਾਹੀਦਾ ਹੈ।
- ਸਲਾਹ ਜਾਂ ਮੁਲਾਂਕਣ ਪ੍ਰਾਪਤ ਕਰਨ ਲਈ ਕਿਸੇ ਡਾਕਟਰ/ਸਿਹਤ ਸੰਭਾਲ ਪ੍ਰਦਾਤਾ ਨਾਲ ਗੱਲ ਕਰੋ, ਜਿਸ ਵਿੱਚ ਵਿਦਿਆਰਥੀ/ਬੱਚੇ ਨੂੰ COVID-19 ਟੈਸਟ ਦੀ ਲੋੜ ਹੋਣ ਦਾ ਪਤਾ ਕਰਨਾ ਵੀ ਹੈ।
  - ਭੈਣ-ਭਰਾ ਜਾਂ ਤੁਹਾਡੇ ਘਰ ਦੇ ਹੋਰ ਲੋਕਾਂ ਨੂੰ ਉਦੋਂ ਤੱਕ ਘਰ ਰਹਿਣਾ ਚਾਹੀਦਾ ਹੈ ਜਦ ਤੱਕ ਵਿਦਿਆਰਥੀ/ਬੱਚਾ ਲੱਛਣ ਦਿਖਾਉਣੇ ਬੰਦ ਨਹੀਂ ਕਰਦਾ ਹੈ ਜਾਂ ਟੈਸਟ ਦਾ ਨਤੀਜਾ ਨੈਗੇਟਿਵ ਨਹੀਂ ਆਉਂਦਾ ਹੈ, ਜਾਂ ਤੁਹਾਡੇ ਪਬਲਿਕ ਹੈਲਥ ਯੂਨਿਟ ਦੁਆਰਾ ਸਹੀ ਨਹੀਂ ਦੱਸਿਆ ਜਾਂਦਾ ਹੈ, ਜਾਂ ਕਿਸੇ ਹੋਰ ਬਿਮਾਰੀ ਨਾਲ ਨਿਦਾਨ ਨਹੀਂ ਕੀਤਾ ਜਾਂਦਾ ਹੈ। ਪਰਿਵਾਰਕ ਮੈਂਬਰ ਜਿਨ੍ਹਾਂ ਦਾ ਪੂਰੀ ਤਰ੍ਹਾਂ ਟੀਕਾਕਰਨ ਹੋ ਗਿਆ ਹੈ ਜਾਂ ਪਿਛਲੇ 90 ਦਿਨਾਂ ਵਿੱਚ ਉਹ COVID-19 ਲਈ ਪਾਜ਼ਿਟਿਵ ਆਏ ਸੀ ਅਤੇ ਉਦੋਂ ਤੋਂ ਉਨ੍ਹਾਂ ਨੂੰ ਮਨਜ਼ੂਰੀ ਮਿਲ ਗਈ ਹੈ, ਉਨ੍ਹਾਂ ਨੂੰ ਘਰ ਰਹਿਣ ਦੀ ਲੋੜ ਨਹੀਂ।
- ਆਪਣੇ ਸਕੂਲ/ਬਾਲ ਦੇਖਭਾਲ ਪ੍ਰਦਾਤਾ ਨੂੰ ਇਸ ਨਤੀਜੇ ਬਾਰੇ ਦੱਸਣ ਲਈ ਉਹਨਾਂ ਨਾਲ ਸੰਪਰਕ ਕਰੋ।

! **ਜੇ ਤੁਸੀਂ ਸਵਾਲ 3 ਲਈ "ਹਾਂ" ਵਿੱਚ ਜਵਾਬ ਦਿੱਤਾ ਹੈ ਤਾਂ ਸਕੂਲ ਜਾਂ ਬਾਲ ਦੇਖਭਾਲ ਵਿੱਚ ਨਾ ਜਾਓ।**

- ਵਿਦਿਆਰਥੀ/ਬੱਚੇ ਨੂੰ ਵੱਖ (ਘਰ ਰਹਿਣਾ) ਰਹਿਣਾ ਚਾਹੀਦਾ ਹੈ ਅਤੇ ਟੈਸਟ ਕਰਵਾਉਣ ਜਾਂ ਡਾਕਟਰੀ ਐਮਰਜੈਂਸੀ ਤੋਂ ਇਲਾਵਾ ਘਰ ਤੋਂ ਬਾਹਰ ਨਹੀਂ ਜਾਣਾ ਚਾਹੀਦਾ ਹੈ।

- ਉਹ ਵਿਦਿਆਰਥੀ/ਬੱਚਾ ਸਕੂਲ ਜਾਂ ਚਾਈਲਡ ਕੇਅਰ ਵਿੱਚ ਵਾਪਸ ਪਰਤ ਸਕਦਾ ਹੈ ਜਦੋਂ ਲੱਛਣਾਂ ਵਾਲੇ ਵਿਅਕਤੀ ਦੇ ਟੈਸਟ ਦਾ ਨਤੀਜਾ ਨੈਗੇਟਿਵ ਆ ਜਾਂਦਾ ਹੈ ਤੇ ਤੁਹਾਡੇ ਪਬਲਿਕ ਹੈਲਥ ਯੂਨਿਟ ਦੁਆਰਾ ਉਸ ਨੂੰ ਮਨਜ਼ੂਰੀ ਮਿਲ ਜਾਂਦੀ ਹੈ, ਜਾਂ ਉਸ ਦਾ ਕਿਸੇ ਹੋਰ ਬਿਮਾਰੀ ਨਾਲ ਨਿਦਾਨ ਕੀਤਾ ਜਾਂਦਾ ਹੈ।
- ਆਪਣੇ ਸਕੂਲ/ਬਾਲ ਦੇਖਭਾਲ ਪ੍ਰਦਾਤਾ ਨੂੰ ਇਸ ਨਤੀਜੇ ਬਾਰੇ ਦੱਸਣ ਲਈ ਉਹਨਾਂ ਨਾਲ ਸੰਪਰਕ ਕਰੋ।

**ਜੇ ਤੁਸੀਂ ਸਵਾਲ 4 ਲਈ "ਹਾਂ" ਵਿੱਚ ਜਵਾਬ ਦਿੱਤਾ ਹੈ ਤਾਂ ਸਕੂਲ ਜਾਂ ਬਾਲ ਦੇਖਭਾਲ ਵਿੱਚ ਨਾ ਜਾਓ।**

- ਵਿਦਿਆਰਥੀ/ਬੱਚੇ ਨੂੰ 10 ਦਿਨਾਂ ਲਈ ਖੁਦ ਨੂੰ ਅਲੱਗ ਰੱਖਣਾ (ਘਰ ਰਹਿਣਾ) ਚਾਹੀਦਾ ਹੈ ਅਤੇ ਜਾਂਚ ਕਰਵਾਉਣ ਲਈ ਜਾਂ ਡਾਕਟਰੀ ਐਮਰਜੈਂਸੀ ਤੋਂ ਇਲਾਵਾ ਕਿਤੇ ਵੀ ਨਹੀਂ ਜਾਣਾ ਚਾਹੀਦਾ ਹੈ।
- ਆਪਣੀ ਸਥਾਨਕ ਜਨਤਕ ਸਿਹਤ ਇਕਾਈ ਜਾਂ ਸਿਹਤ ਸੰਭਾਲ ਪ੍ਰਦਾਤਾ ਦੀ ਸਲਾਹ ਦੀ ਪਾਲਣਾ ਕਰੋ, ਜਿਸ ਵਿੱਚ ਇਹ ਵੀ ਸ਼ਾਮਲ ਹੈ ਕਿ ਕਿਹੜੇ ਲੱਛਣਾਂ ਦੀ ਨਿਗਰਾਨੀ ਕਰਨੀ ਹੈ ਅਤੇ ਕਦੋਂ COVID-19 PCR ਟੈਸਟ ਕਰਵਾਉਣਾ ਹੈ। ਕਿਰਪਾ ਕਰਕੇ ਧਿਆਨ ਦਿਓ ਕਿ ਰੈਪਿਡ ਐਂਟੀਜੇਨ ਟੈਸਟਿੰਗ ਨੂੰ ਜਾਣੂ COVID-19 ਮਾਮਲਿਆਂ ਦੇ ਸੰਪਰਕਾਂ ਲਈ ਨਹੀਂ ਵਰਤਿਆ ਜਾਣਾ ਚਾਹੀਦਾ।
- ਵਿਦਿਆਰਥੀ/ਬੱਚਾ ਸਿਰਫ 10 ਦਿਨਾਂ ਬਾਅਦ ਹੀ ਸਕੂਲ/ਚਾਈਲਡ ਕੇਅਰ ਵਿੱਚ ਵਾਪਸ ਪਰਤ ਸਕਦਾ ਹੈ, ਭਾਵੇਂ ਉਨ੍ਹਾਂ ਨੂੰ ਟੈਸਟ ਦਾ ਨੈਗੇਟਿਵ ਨਤੀਜਾ ਮਿਲੇ, ਬਸ਼ਰਤੇ ਕਿ ਉਹਨਾਂ ਵਿੱਚ ਕੋਈ ਲੱਛਣ ਪੈਦਾ ਨਾ ਹੋਣ।
  - ਭੈਣ-ਭਰਾ ਅਤੇ ਤੁਹਾਡੇ ਪਰਿਵਾਰ ਦੇ ਹੋਰ ਲੋਕ ਸਕੂਲ, ਬਾਲ ਦੇਖਭਾਲ ਜਾਂ ਕੰਮ 'ਤੇ ਜਾ ਸਕਦੇ ਹਨ, ਪਰ ਹੋਰ ਗੈਰ-ਜ਼ਰੂਰੀ ਕਾਰਨਾਂ ਕਰਕੇ ਘਰ ਤੋਂ ਬਾਹਰ ਨਹੀਂ ਜਾਣਾ ਚਾਹੀਦਾ ਹੈ। ਪਰਿਵਾਰਕ ਮੈਂਬਰ ਜਿਨ੍ਹਾਂ ਦਾ ਪੂਰੀ ਤਰ੍ਹਾਂ ਟੀਕਾਕਰਨ ਹੋ ਗਿਆ ਹੈ ਜਾਂ ਪਿਛਲੇ 90 ਦਿਨਾਂ ਵਿੱਚ ਉਹ COVID-19 ਲਈ ਪਾਜ਼ਿਟਿਵ ਆਏ ਸੀ ਅਤੇ ਉਦੋਂ ਤੋਂ ਉਨ੍ਹਾਂ ਨੂੰ ਮਨਜ਼ੂਰੀ ਮਿਲ ਗਈ ਹੈ, ਉਨ੍ਹਾਂ ਨੂੰ ਘਰ ਰਹਿਣ ਦੀ ਲੋੜ ਨਹੀਂ।
- ਜੇ ਵਿਦਿਆਰਥੀ/ਬੱਚੇ ਵਿੱਚ ਉਪਰੋਕਤ ਸੂਚੀਬੱਧ ਲੱਛਣਾਂ ਵਿੱਚੋਂ ਕੋਈ ਲੱਛਣ ਆਉਂਦੇ ਹਨ ਜਾਂ ਟੈਸਟ ਪਾਜ਼ਿਟਵ ਆਉਂਦਾ ਹੈ, ਤਾਂ ਵਧੇਰੇ ਸਲਾਹ ਲਈ ਆਪਣੀ ਸਥਾਨਕ ਜਨਤਕ ਸਿਹਤ ਇਕਾਈ ਜਾਂ ਡਾਕਟਰ/ਸਿਹਤ ਸੰਭਾਲ ਪ੍ਰਦਾਤਾ ਨਾਲ ਸੰਪਰਕ ਕਰੋ।
- ਆਪਣੇ ਸਕੂਲ/ਬਾਲ ਦੇਖਭਾਲ ਪ੍ਰਦਾਤਾ ਨੂੰ ਇਸ ਨਤੀਜੇ ਬਾਰੇ ਦੱਸਣ ਲਈ ਉਹਨਾਂ ਨਾਲ ਸੰਪਰਕ ਕਰੋ।

**ਜੇ ਤੁਸੀਂ ਸਵਾਲ 5 ਲਈ "ਹਾਂ" ਵਿੱਚ ਜਵਾਬ ਦਿੱਤਾ ਹੈ ਤਾਂ ਸਕੂਲ ਜਾਂ ਬਾਲ ਦੇਖਭਾਲ ਵਿੱਚ ਨਾ ਜਾਓ।**

- ਵਿਦਿਆਰਥੀ/ਬੱਚੇ ਨੂੰ ਵੱਖ (ਘਰ ਰਹਿਣਾ) ਰਹਿਣਾ ਚਾਹੀਦਾ ਹੈ ਅਤੇ ਟੈਸਟ ਕਰਵਾਉਣ ਜਾਂ ਡਾਕਟਰੀ ਐਮਰਜੈਂਸੀ ਤੋਂ ਇਲਾਵਾ ਘਰ ਤੋਂ ਬਾਹਰ ਨਹੀਂ ਜਾਣਾ ਚਾਹੀਦਾ ਹੈ।
- ਉਹਨਾਂ ਦਾ COVID-19 ਟੈਸਟ ਕਰਵਾਉਣ ਲਈ ਕਿਸੇ ਮੁਲਾਂਕਣ ਕੇਂਦਰ ਵਿਖੇ ਜਾਓ।
  - ਜੇ ਉਹਨਾਂ ਦਾ PCR ਟੈਸਟ ਨੈਗੇਟਿਵ ਆਉਂਦਾ ਹੈ (ਉਨ੍ਹਾਂ ਨੂੰ ਵਾਇਰਸ ਦੀ ਲਾਗ ਨਹੀਂ ਹੈ), ਤਾਂ ਉਹ ਸਕੂਲ/ਚਾਈਲਡ ਕੇਅਰ ਵਿੱਚ ਵਾਪਸ ਆ ਸਕਦੇ ਹਨ।
  - ਜੇ ਉਹਨਾਂ ਦਾ PCR ਟੈਸਟ ਪਾਜ਼ਿਟਿਵ ਆਉਂਦਾ ਹੈ (ਉਨ੍ਹਾਂ ਨੂੰ ਵਾਇਰਸ ਦੀ ਲਾਗ ਹੈ), ਉਨ੍ਹਾਂ ਨੂੰ ਇਕਾਂਤ ਵਿੱਚ ਰਹਿਣ ਦੀ ਜ਼ਰੂਰਤ ਹੁੰਦੀ ਹੈ ਅਤੇ ਤੁਹਾਡੀ ਸਥਾਨਕ ਜਨਤਕ ਸਿਹਤ ਇਕਾਈ ਦੁਆਰਾ ਮਨਜ਼ੂਰੀ ਮਿਲਣ ਤੋਂ ਬਾਅਦ ਹੀ ਵਾਪਸ ਆ ਸਕਦੇ ਹਨ।
- ਜੇ ਉਹਨਾਂ ਨੂੰ ਲੱਛਣ ਹੁੰਦੇ ਹਨ, ਤਾਂ ਵਧੇਰੇ ਸਲਾਹ ਲਈ ਆਪਣੇ ਸਥਾਨਕ ਪਬਲਿਕ ਹੈਲਥ ਯੂਨਿਟ ਜਾਂ ਡਾਕਟਰ/ਸਿਹਤ ਸੰਭਾਲ ਪ੍ਰਦਾਤਾ ਨਾਲ ਸੰਪਰਕ ਕਰੋ।
  - ਤੁਹਾਡੇ ਭੈਣ-ਭਰਾ ਜਾਂ ਤੁਹਾਡੇ ਘਰ ਦੇ ਹੋਰ ਜੀਅ ਸਕੂਲ, ਚਾਈਲਡ ਕੇਅਰ ਜਾਂ ਕੰਮ 'ਤੇ ਜਾ ਸਕਦੇ ਹਨ, ਪਰ ਉਨ੍ਹਾਂ ਨੂੰ ਹੋਰ, ਗੈਰ-ਜ਼ਰੂਰੀ ਕਾਰਨਾਂ ਕਰਕੇ ਘਰ ਤੋਂ ਬਾਹਰ ਨਹੀਂ ਜਾਣਾ ਚਾਹੀਦਾ ਜਦੋਂ ਤੱਕ ਉਹ ਵਿਅਕਤੀ ਜਿਸਦਾ PCR ਟੈਸਟ 'ਤੇ COVID ਅਲਰਟ ਟੈਸਟ ਨੈਗੇਟਿਵ ਨਹੀਂ ਆਉਂਦਾ, ਜਾਂ ਤੁਹਾਡੀ ਸਥਾਨਕ ਜਨਤਕ ਸਿਹਤ ਇਕਾਈ ਦੁਆਰਾ ਰੋਕ ਨਹੀਂ ਹਟਾਈ ਜਾਂਦੀ। ਪਰਿਵਾਰਕ ਮੈਂਬਰ ਜਿਨ੍ਹਾਂ ਦਾ ਪੂਰੀ ਤਰ੍ਹਾਂ ਟੀਕਾਕਰਨ ਹੋ ਗਿਆ ਹੈ ਜਾਂ ਪਿਛਲੇ 90 ਦਿਨਾਂ ਵਿੱਚ ਉਹ COVID-19 ਲਈ ਪਾਜ਼ਿਟਿਵ ਆਏ ਸੀ ਅਤੇ ਉਦੋਂ ਤੋਂ ਉਨ੍ਹਾਂ ਨੂੰ ਮਨਜ਼ੂਰੀ ਮਿਲ ਗਈ ਹੈ, ਉਨ੍ਹਾਂ ਨੂੰ ਘਰ ਰਹਿਣ ਦੀ ਲੋੜ ਨਹੀਂ।
- ਆਪਣੇ ਸਕੂਲ/ਬਾਲ ਦੇਖਭਾਲ ਪ੍ਰਦਾਤਾ ਨੂੰ ਇਸ ਨਤੀਜੇ ਬਾਰੇ ਦੱਸਣ ਲਈ ਉਹਨਾਂ ਨਾਲ ਸੰਪਰਕ ਕਰੋ।

**ਜੇ ਤੁਸੀਂ ਸਵਾਲ 6 ਲਈ "ਹਾਂ" ਵਿੱਚ ਜਵਾਬ ਦਿੱਤਾ ਹੈ ਤਾਂ ਸਕੂਲ ਜਾਂ ਬਾਲ ਦੇਖਭਾਲ ਵਿੱਚ ਨਾ ਜਾਓ।**

- ਵਿਦਿਆਰਥੀ/ਬੱਚੇ ਨੂੰ ਉਨ੍ਹਾਂ ਵਿਅਕਤੀਆਂ ਲਈ ਸੰਘੀ ਦਿਸ਼ਾ ਨਿਰਦੇਸ਼ਾਂ ਦੀ ਪਾਲਣਾ ਕਰਨੀ ਚਾਹੀਦੀ ਹੈ ਜਿਨ੍ਹਾਂ ਨੇ ਅੰਤਰਰਾਸ਼ਟਰੀ ਯਾਤਰਾ ਕੀਤੀ ਹੈ, ਜਿਸ ਵਿੱਚ ਉਨ੍ਹਾਂ ਦੇ ਆਉਣ ਤੋਂ ਬਾਅਦ 14 ਦਿਨਾਂ ਤੱਕ ਸਕੂਲ/ਚਾਈਲਡ ਕੇਅਰ ਨਾ ਜਾਣਾ ਅਤੇ ਸੰਘੀ ਜ਼ਰੂਰਤਾਂ ਦੇ ਅਨੁਸਾਰ ਟੈਸਟ ਕਰਵਾਉਣਾ ਸ਼ਾਮਲ ਹੈ।
- ਜੇ ਵਿਦਿਆਰਥੀ/ਬੱਚੇ ਨੂੰ ਕੁਆਰੰਟੀਨ ਕਰਨ ਦੀਆਂ ਹਿਦਾਇਤਾਂ ਦਿੱਤੀਆਂ ਗਈਆਂ ਹਨ, ਤਾਂ ਉਨ੍ਹਾਂ ਨੂੰ 14 ਦਿਨਾਂ ਲਈ ਘਰ ਰਹਿਣਾ ਚਾਹੀਦਾ ਹੈ ਅਤੇ ਟੈਸਟ ਕਰਵਾਉਣ ਜਾਂ ਮੈਡੀਕਲ ਐਮਰਜੈਂਸੀ ਤੋਂ ਬਿਨ੍ਹਾਂ ਬਾਹਰ ਨਹੀਂ ਜਾਣਾ ਚਾਹੀਦਾ। ਯਾਤਰੀਆਂ ਲਈ ਸੰਘੀ ਜ਼ਰੂਰਤਾਂ ਬਾਰੇ ਵਧੇਰੇ ਜਾਣਕਾਰੀ ਲਈ, ਕਿਰਪਾ ਕਰਕੇ **ਕੈਨੇਡਾ ਸਰਕਾਰ ਦੀ ਵੈਬਸਾਈਟ** ਵੇਖੋ।
- ਜੇ ਵਿਦਿਆਰਥੀ/ਬੱਚੇ ਨੂੰ ਲੱਛਣ ਹੁੰਦੇ ਹਨ ਅਤੇ/ਜਾਂ ਟੈਸਟ ਸਕਾਰਾਤਮਕ ਆਉਂਦਾ ਹੈ, ਤਾਂ ਵਧੇਰੇ ਸਲਾਹ ਲਈ ਆਪਣੇ ਸਥਾਨਕ ਪਬਲਿਕ ਹੈਲਥ ਯੂਨਿਟ ਜਾਂ ਡਾਕਟਰ/ਸਿਹਤ ਸੰਭਾਲ ਪ੍ਰਦਾਤਾ ਨਾਲ ਸੰਪਰਕ ਕਰੋ।
- ਆਪਣੇ ਸਕੂਲ/ਬਾਲ ਦੇਖਭਾਲ ਪ੍ਰਦਾਤਾ ਨੂੰ ਇਸ ਨਤੀਜੇ ਬਾਰੇ ਦੱਸਣ ਲਈ ਉਹਨਾਂ ਨਾਲ ਸੰਪਰਕ ਕਰੋ।

**ਜੇ ਤੁਸੀਂ ਸਵਾਲ 7 ਲਈ "ਹਾਂ" ਵਿੱਚ ਜਵਾਬ ਦਿੱਤਾ ਹੈ ਤਾਂ ਸਕੂਲ ਜਾਂ ਬਾਲ ਦੇਖਭਾਲ ਵਿੱਚ ਨਾ ਜਾਓ।**

- ਵਿਦਿਆਰਥੀ/ਬੱਚੇ ਨੂੰ ਵੱਖ (ਘਰ ਰਹਿਣਾ) ਰਹਿਣਾ ਚਾਹੀਦਾ ਹੈ ਅਤੇ ਟੈਸਟ ਕਰਵਾਉਣ ਜਾਂ ਡਾਕਟਰੀ ਐਮਰਜੈਂਸੀ ਤੋਂ ਇਲਾਵਾ ਘਰ ਤੋਂ ਬਾਹਰ ਨਹੀਂ ਜਾਣਾ ਚਾਹੀਦਾ ਹੈ।
- ਪਬਲਿਕ ਹੈਲਥ ਦੀ ਸਲਾਹ ਦੀ ਪਾਲਣਾ ਕਰੋ। ਵਿਦਿਆਰਥੀ/ਬੱਚਾ ਤੁਹਾਡੇ ਸਥਾਨਕ ਪਬਲਿਕ ਹੈਲਥ ਯੂਨਿਟ ਦੁਆਰਾ ਉਹਨਾਂ ਨੂੰ ਸਹੀ ਘੋਸ਼ਿਤ ਕੀਤੇ ਜਾਣ ਤੋਂ ਬਾਅਦ ਸਕੂਲ/ਬਾਲ ਦੇਖਭਾਲ ਵਿੱਚ ਵਾਪਸ ਆ ਸਕਦਾ ਹੈ।
- ਜੇ ਵਿਦਿਆਰਥੀ/ਬੱਚੇ ਨੂੰ ਲੱਛਣ ਹੁੰਦੇ ਹਨ, ਤਾਂ ਵਧੇਰੇ ਸਲਾਹ ਲਈ ਆਪਣੇ ਪਬਲਿਕ ਹੈਲਥ ਯੂਨਿਟ ਜਾਂ ਡਾਕਟਰ/ਸਿਹਤ ਸੰਭਾਲ ਪ੍ਰਦਾਤਾ ਨਾਲ ਸੰਪਰਕ ਕਰੋ।

- ਭੈਣਾਂ-ਭਰਾਵਾਂ ਜਾਂ ਤੁਹਾਡੇ ਘਰ ਵਿਚਲੇ ਹੋਰ ਲੋਕਾਂ ਦੇ ਲਈ ਵਿਦਿਆਰਥੀ/ਬੱਚੇ ਦੇ ਨੈਗੇਟਿਵ ਟੈਸਟ ਹੋਣ ਤੱਕ, ਜਾਂ ਪਬਲਿਕ ਹੈਲਥ ਯੂਨਿਟ ਦੁਆਰਾ ਕਲੀਅਰ ਕੀਤੇ ਜਾਣ ਤੱਕ ਘਰ ਰਹਿਣਾ ਲਾਜ਼ਮੀ ਹੈ। ਪਰਿਵਾਰਕ ਮੈਂਬਰ ਜਿਨ੍ਹਾਂ ਦਾ ਪੂਰੀ ਤਰ੍ਹਾਂ ਟੀਕਾਕਰਨ ਹੋ ਗਿਆ ਹੈ ਜਾਂ ਪਿਛਲੇ 90 ਦਿਨਾਂ ਵਿੱਚ ਉਹ COVID-19 ਲਈ ਪਾਜ਼ਿਟਿਵ ਆਏ ਸੀ ਅਤੇ ਉਦੋਂ ਤੋਂ ਉਨ੍ਹਾਂ ਨੂੰ ਮਨਜ਼ੂਰੀ ਮਿਲ ਗਈ ਹੈ, ਉਨ੍ਹਾਂ ਨੂੰ ਘਰ ਰਹਿਣ ਦੀ ਲੋੜ ਨਹੀਂ।

- ਆਪਣੇ ਸਕੂਲ/ਬਾਲ ਦੇਖਭਾਲ ਪ੍ਰਦਾਤਾ ਨੂੰ ਇਸ ਨਤੀਜੇ ਬਾਰੇ ਦੱਸਣ ਲਈ ਉਹਨਾਂ ਨਾਲ ਸੰਪਰਕ ਕਰੋ।

**ਜੇ ਤੁਸੀਂ ਸਵਾਲ 8 ਲਈ "ਹਾਂ" ਵਿੱਚ ਜਵਾਬ ਦਿੱਤਾ ਹੈ ਤਾਂ ਸਕੂਲ ਜਾਂ ਬਾਲ ਦੇਖਭਾਲ ਵਿੱਚ ਨਾ ਜਾਓ।**

- ਵਿਦਿਆਰਥੀ/ਬੱਚੇ ਨੂੰ ਵੱਖ (ਘਰ ਰਹਿਣਾ) ਰਹਿਣਾ ਚਾਹੀਦਾ ਹੈ ਅਤੇ ਟੈਸਟ ਕਰਵਾਉਣ ਜਾਂ ਡਾਕਟਰੀ ਐਮਰਜੈਂਸੀ ਤੋਂ ਇਲਾਵਾ ਘਰ ਤੋਂ ਬਾਹਰ ਨਹੀਂ ਜਾਣਾ ਚਾਹੀਦਾ ਹੈ।
- ਉਹਨਾਂ ਦਾ COVID-19 ਟੈਸਟ ਕਰਵਾਉਣ ਲਈ ਕਿਸੇ ਮੁਲਾਂਕਣ ਕੇਂਦਰ ਵਿਖੇ ਜਾਓ।
  - ਜੇ PCR ਟੈਸਟ ਵਿੱਚ ਉਹਨਾਂ ਦਾ ਨਤੀਜਾ ਨੈਗੇਟਿਵ ਆਉਂਦਾ ਹੈ (ਉਨ੍ਹਾਂ ਨੂੰ ਵਾਇਰਸ ਦੀ ਲਾਗ ਨਹੀਂ ਹੈ), ਤਾਂ ਉਹ ਸਕੂਲ/ਚਾਈਲਡ ਕੇਅਰ ਵਿੱਚ ਵਾਪਸ ਆ ਸਕਦੇ ਹਨ।
  - ਜੇ PCR ਟੈਸਟ ਵਿੱਚ ਉਹਨਾਂ ਦਾ ਨਤੀਜਾ ਪਾਜ਼ਿਟਿਵ ਆਉਂਦਾ ਹੈ (ਉਨ੍ਹਾਂ ਨੂੰ ਵਾਇਰਸ ਦੀ ਲਾਗ ਨਹੀਂ ਹੈ), ਉਨ੍ਹਾਂ ਨੂੰ ਇਕਾਂਤਵਾਸ ਦੀ ਜ਼ਰੂਰਤ ਹੁੰਦੀ ਹੈ ਅਤੇ ਉਹ ਤੁਹਾਡੀ ਸਥਾਨਕ ਜਨਤਕ ਸਿਹਤ ਇਕਾਈ ਦੁਆਰਾ ਮਨਜ਼ੂਰੀ ਮਿਲਣ ਤੋਂ ਬਾਅਦ ਹੀ ਵਾਪਸ ਆ ਸਕਦੇ ਹਨ।
- ਜੇ ਉਹਨਾਂ ਨੂੰ ਲੱਛਣ ਹੁੰਦੇ ਹਨ, ਤਾਂ ਵਧੇਰੇ ਸਲਾਹ ਲਈ ਆਪਣੇ ਪਬਲਿਕ ਹੈਲਥ ਯੂਨਿਟ ਜਾਂ ਡਾਕਟਰ/ਸਿਹਤ ਸੰਭਾਲ ਪ੍ਰਦਾਤਾ ਨਾਲ ਸੰਪਰਕ ਕਰੋ।
- ਤੁਹਾਡੇ ਪਰਿਵਾਰ ਦੇ ਭੈਣ-ਭਰਾ ਜਾਂ ਹੋਰ ਲੋਕਾਂ ਨੂੰ ਉਦੋਂ ਤੱਕ ਵੱਖ ਰਹਿਣਾ ਚਾਹੀਦਾ ਹੈ ਜਦੋਂ ਤੱਕ ਉਹ ਵਿਅਕਤੀ ਜੋ ਰੈਪਿਡ ਐਂਟੀਜੇਨ ਟੈਸਟ ਜਾਂ ਘਰ-ਅਧਾਰਤ ਸਵੈ-ਜਾਂਚ ਕਿੱਟ 'ਤੇ ਟੈਸਟ ਕਰਨ ਨਾਲ ਨੈਗੇਟਿਵ ਨਹੀਂ ਪਾਏ ਜਾਂਦੇ ਜਾਂ ਉਹਨਾਂ ਨੂੰ ਪਬਲਿਕ ਹੈਲਥ ਯੂਨਿਟ ਦੁਆਰਾ ਮੰਨਜ਼ੂਰੀ ਨਹੀਂ ਮਿਲ ਜਾਂਦੀ। ਪਰਿਵਾਰਕ ਮੈਂਬਰ ਜਿਨ੍ਹਾਂ ਦਾ ਪੂਰੀ ਤਰ੍ਹਾਂ ਟੀਕਾਕਰਨ ਹੋ ਗਿਆ ਹੈ ਜਾਂ ਪਿਛਲੇ 90 ਦਿਨਾਂ ਵਿੱਚ ਉਹ COVID-19 ਲਈ ਪਾਜ਼ਿਟਿਵ ਆਏ ਸੀ ਅਤੇ ਉਦੋਂ ਤੋਂ ਉਨ੍ਹਾਂ ਨੂੰ ਮਨਜ਼ੂਰੀ ਮਿਲ ਗਈ ਹੈ, ਉਨ੍ਹਾਂ ਨੂੰ ਇਕਾਂਤ ਵਿੱਚ ਰਹਿਣ ਦੀ ਲੋੜ ਨਹੀਂ।
- ਆਪਣੇ ਸਕੂਲ/ਬਾਲ ਦੇਖਭਾਲ ਪ੍ਰਦਾਤਾ ਨੂੰ ਇਸ ਨਤੀਜੇ ਬਾਰੇ ਦੱਸਣ ਲਈ ਉਹਨਾਂ ਨਾਲ ਸੰਪਰਕ ਕਰੋ

**ਜੇ ਤੁਸੀਂ ਸਾਰੇ ਸਵਾਲਾਂ ਲਈ "ਨਹੀਂ" ਵਿੱਚ ਜਵਾਬ ਦਿੱਤਾ ਹੈ ਤਾਂ ਤੁਹਾਡਾ ਬੱਚਾ ਸਕੂਲ/ਬਾਲ ਦੇਖਭਾਲ ਵਿੱਚ ਜਾ ਸਕਦਾ ਹੈ। ਸਟਾਫ ਨੂੰ ਇਸ ਨਤੀਜੇ ਬਾਰੇ ਦੱਸਣ ਲਈ ਆਪਣੇ ਸਕੂਲ/ਬਾਲ ਦੇਖਭਾਲ ਪ੍ਰਦਾਤਾ ਦੀ ਨਿਰਧਾਰਤ ਪ੍ਰਕਿਰਿਆ ਦੀ ਪਾਲਣ ਕਰੋ ।**

- ਨਿਯਮਤ ਪ੍ਰੋਟੋਕੋਲ ਦੇ ਅਨੁਸਾਰ, ਬਿਮਾਰੀ ਦੇ ਕਿਸੇ ਵੀ ਲੱਛਣ ਵਾਲੇ ਸਾਰੇ ਬਿਮਾਰ ਵਿਅਕਤੀਆਂ ਨੂੰ ਘਰ ਰਹਿਣਾ ਚਾਹੀਦਾ ਹੈ ਅਤੇ ਲੋੜ ਪੈਣ 'ਤੇ ਆਪਣੇ ਨਿਯਮਤ ਸਿਹਤ ਸੰਭਾਲ ਪ੍ਰਦਾਤਾ ਤੋਂ ਮੁਲਾਂਕਣ ਲੈਣਾ ਚਾਹੀਦਾ ਹੈ।
- ਗੰਭੀਰ ਲੱਛਣਾਂ ਵਾਲੇ ਵਿਅਕਤੀ ਜਿਨ੍ਹਾਂ ਨੂੰ ਐਮਰਜੈਂਸੀ ਦੇਖਭਾਲ ਦੀ ਲੋੜ ਹੁੰਦੀ ਹੈ ਉਨ੍ਹਾਂ ਨੂੰ ਆਪਣੇ ਨੇੜਲੇ ਐਮਰਜੈਂਸੀ ਵਿਭਾਗ ਵਿੱਚ ਜਾਣਾ ਚਾਹੀਦਾ ਹੈ।
- ਜੇ ਕੋਈ ਵਿਅਕਤੀ ਉਪਰੋਕਤ ਸੂਚੀ ਤੋਂ ਬਾਹਰ ਦੇ ਲੱਛਣ ਵਿਕਸਤ ਕਰਦਾ ਹੈ, ਤਾਂ ਪਬਲਿਕ ਹੈਲਥ ਯੂਨਿਟ ਵਿਅਕਤੀ ਦੇ ਲੱਛਣਾਂ ਅਤੇ ਐਕਸਪੋਜਰ ਇਤਿਹਾਸ ਦੇ ਮੁਲਾਂਕਣ ਦੇ ਅਧਾਰ 'ਤੇ ਟੈਸਟਿੰਗ ਸਮੇਤ ਹੋਰ ਉਪਾਵਾਂ ਦੀ ਸਿਫਾਰਸ਼ ਕਰ ਸਕਦੀ ਹੈ।

## ਪਬਲਿਕ ਹੈਲਥ ਓਨਟਾਰੀਓ - ਸੰਪਰਕ ਟ੍ਰੇਸਿੰਗ

**ਇਹਨਾਂ ਸਵਾਲਾਂ ਦੇ ਉੱਤਰ ਦੇਣਾ ਵਿਕਲਪਕ ਹੈ।** ਇਸ ਜਾਣਕਾਰੀ ਦੀ ਵਰਤੋਂ ਸਿਰਫ ਸੰਪਰਕ ਟ੍ਰੇਸਿੰਗ ਲਈ ਜਨਤਕ ਸਿਹਤ ਅਧਿਕਾਰੀਆਂ ਦੁਆਰਾ ਕੀਤੀ ਜਾਏਗੀ। ਸਾਰੀ ਜਾਣਕਾਰੀ 28 ਦਿਨਾਂ ਵਿੱਚ ਮਿਟਾ ਦਿੱਤੀ ਜਾਵੇਗੀ।

**ਤਾਰੀਖ:** ____________________

**ਨਾਮ:** ____________________

**ਫੋਨ ਜਾਂ ਈਮੇਲ:** ____________________